# ਨਗਰ ਨਿਗਮ ਲੁਧਿਆਣਾ

## "ਸਵੈ-ਘੋਸ਼ਿਤ ਪਾਰਦਰਸ਼ੀ ਪ੍ਰਾਪਰਟੀ ਟੈਕਸ"

ਸਥਾਨਕ ਸਰਕਾਰ ਵੱਲੋਂ ਟੈਕਸ ਪ੍ਰਣਾਲੀ ਨੂੰ ਸਰਲ ਕਰਨ ਲਈ ਅਤੇ ਇੰਸਪੈਕਟਰੀ ਰਾਜ ਨੂੰ ਖਤਮ ਕਰਨ ਦਾ ਉਪਰਾਲਾ ਕਰਦੇ ਹੋਏ ਸ਼ਹਿਰ ਵਿੱਚ ਹਾਊਸ ਟੈਕਸ ਦੀ ਥਾਂ ਤੇ ਸਵੈ-ਘੋਸ਼ਿਤ ਪ੍ਰਾਪਰਟੀ ਟੈਕਸ ਲਾਗੂ ਕੀਤਾ ਗਿਆ ਹੈ। ਇਸ ਪ੍ਰਾਪਰਟੀ ਟੈਕਸ ਹੇਠ ਲਿਖੇ ਵੇਰਵੇ ਅਨੁਸਾਰ ਸਾਲ ਵਿੱਚ ਇੱਕ ਵਾਰ (ਇੱਕ ਮੁਸ਼ਤ) ਸਲਾਨਾ ਦੇਣਾ ਹੋਵੇਗਾ:-

### ਟੈਕਸ ਕੈਲਕੁਲੇਟ ਕਰਨ ਦਾ ਫਾਰਮੂਲਾ

ਪਲਾਟ ਦੀ ਕੀਮਤ = ਕੁੱਲ ਪਲਾਟ ਦਾ ਏਰੀਆ x ਮੌਜੂਦਾ ਕੁਲੈਕਟਰ ਰੇਟ
ਉਸਾਰੀ ਦੀ ਕੀਮਤ = ਕਵਰਡ ਏਰੀਆ (ਵ: ਫੁੱਟ) x 500 (ਪੱਕਾ), 300 (ਅੱਧ ਪੱਕਾ) ਜਾਂ 100 (ਕੱਚਾ) (-) 10% ਡੈਪਰੀਸੀਏਸ਼ਨ
ਸਲਾਨਾ ਰੇਟਏਬਲ ਵੈਲਿਯੂ (ਏ.ਆਰ.ਵੀ)= ਪਲਾਟ ਦੀ ਕੀਮਤ ਦਾ 5% + ਉਸਾਰੀ ਦੀ ਕੀਮਤ ਦਾ 5%

### 1. ਰਿਹਾਇਸ਼ੀ ਬਿਲਡਿੰਗ

| ਸਵੈ ਕਾਬਜ | | | |
|---|---|---|---|
| 50 ਗਜ ਤੱਕ<br>(ਬਿਲਟ ਅਪ ਏਰੀਆ 450 ਵਰਗ ਫੁੱਟ) | 50 ਤੋਂ 100 ਗਜ ਤੱਕ<br>(ਬਿਲਟ ਅਪ ਏਰੀਆ 900 ਵਰਜ ਫੁੱਟ) | 100 ਤੋਂ 500 ਗਜ ਤੱਕ | 500 ਗਜ ਤੋਂ ਵੱਧ |
| 50 ਰੁ: | 150 ਰੁ: | ਨਿਰਧਾਰਤ ਕੁਲੈਕਟਰ ਰੇਟ ਦੇ ਅਧਾਰ ਤੇ ਸਲਾਨਾ ਵਲਯੂ ਦਾ 0.5 % | ਨਿਰਧਾਰਤ ਕੁਲੈਕਟਰ ਰੇਟ ਦੇ ਅਧਾਰ ਤੇ ਸਲਾਨਾ ਵਲਯੂ ਦਾ 1% |
| **ਕਿਰਾਏ ਤੇ ਦਿੱਤੀ ਗਈ ਬਿਲਡਿੰਗ** | | | |
| ਇਨ੍ਹਾਂ ਬਿਲਡਿੰਗਾਂ ਤੇ ਪਹਿਲਾਂ ਲੱਗਦੇ 10% ਦੀ ਥਾਂ ਤੇ ਸਲਾਨਾ ਰੇਟਏਬਲ ਵੈਲਿਯੂ ਦਾ 7.5% ਪ੍ਰਾਪਰਟੀ ਟੈਕਸ ਲੱਗੇਗਾ | | | |

### 2. ਗੈਰ ਰਿਹਾਇਸ਼ੀ ਬਿਲਡਿੰਗ

| ਸਵੈ ਕਾਬਜ |
|---|
| ਇਨ੍ਹਾਂ ਬਿਲਡਿੰਗਾਂ ਤੇ ਪਹਿਲਾਂ ਲੱਗਦੇ 15% ਹਾਊਸ ਟੈਕਸ ਦੀ ਥਾਂ ਸਲਾਨਾ ਰੇਟਏਬਲ ਵੈਲਿਯੂ ਦਾ 3% ਪ੍ਰਾਪਰਟੀ ਟੈਕਸ ਲੱਗੇਗਾ। |
| **ਕਿਰਾਏ ਤੇ ਦਿੱਤੀ ਗਈ ਬਿਲਡਿੰਗ** |
| ਇਨ੍ਹਾਂ ਬਿਲਡਿੰਗਾਂ ਤੇ ਪਹਿਲਾਂ ਲੱਗਦੇ 15% ਹਾਊਸ ਟੈਕਸ ਦੀ ਥਾਂ ਸਲਾਨਾ ਰੇਟਏਬਲ ਵੈਲਿਯੂ ਦਾ 10% ਪ੍ਰਾਪਰਟੀ ਟੈਕਸ ਲੱਗੇਗਾ। |
| **ਖਾਲੀ ਪਲਾਟ / ਗੈਰ ਉਤਪਾਦਕ** |
| ਇਨ੍ਹਾਂ ਬਿਲਡਿੰਗਾਂ ਦੀ ਰੇਟੇਬਲ ਵੈਲਿਯੂ ਤੇ ਸਿਰਫ ਸਲਾਨਾ ਰੇਟਏਬਲ ਵੈਲਿਯੂ ਦਾ 0.20% ਪ੍ਰਾਪਰਟੀ ਟੈਕਸ ਲੱਗੇਗਾ। |

**ਮਲਟੀਸਟੋਰੀ ਬਿਲਡਿੰਗਾਂ ਲਈ ਜਮੀਨ ਦੀ ਕੀਮਤ ਲਗਾਉਣ ਦਾ ਫਾਰਮੂੱਲਾ**

| ਮਲਟੀਸਟੋਰੀ ਬਿਲਡਿੰਗ (ਸ਼ੋਰੂਮ, ਐਸ.ਸੀ.ਓ, ਐਸ.ਸੀ.ਐਫ ਵਾਸਤੇ | ਗਰੁੱਪ ਹਾਊਸਿੰਗ ਬਿਲਡਿੰਗ/ਫਲੈਟ | ਮਾਲ, ਮਲਟੀਪਲੈਕਸ ਅਤੇ ਇਸ ਤਰ੍ਹਾਂ ਦੇ ਹੋਰ |
|---|---|---|
| ਬੇਸਮੈਂਟ ਲਈ ਕੁਲੈਕਟਰ ਰੇਟ ਦਾ 20%, ਗਰਾਉਂਡ ਫਲੋਰ ਲਈ 100%, ਲੋਅਰ ਗਰਾਂਉਂਡ ਫਲੋਰ ਲਈ 75%, ਅਪਰ ਗਰਾਂਉਂਡ ਫਲੋਰ ਲਈ 75%, ਪਹਿਲੀ ਮੰਜਿਲ ਲਈ 60%, ਦੂਜੀ ਮੰਜਿਲ ਲਈ 30% ਅਤੇ ਬਾਕੀ ਹੋਰ ਵਾਸਤੇ 30% ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੀ ਗਣਨਾ ਕੀਤੀ ਜਾਵੇ । | ਹਰ ਇੱਕ ਮੰਜਿਲ ਤੇ ਹਰ ਇੱਕ ਯੂਨਿਟ ਵਾਸਤੇ ਕੁਲੈਕਟਰ ਰੇਟ ਦਾ 100% ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੀ ਗਣਨਾ ਕੀਤੀ ਜਾਵੇ । | ਹਰ ਇੱਕ ਮੰਜਿਲ ਤੇ ਹਰ ਇੱਕ ਯੂਨਿਟ ਵਾਸਤੇ ਕੁਲੈਕਟਰ ਰੇਟ ਦਾ 100% ਦੇ ਹਿਸਾਬ ਨਾਲ ਜਮੀਨ ਦੀ ਕੀਮਤ ਦੀ ਗਣਨਾ ਕੀਤੀ ਜਾਵੇ । |

ਇਸ ਪ੍ਰਾਪਰਟੀ ਟੈਕਸ ਵਿੱਚ ਹੇਠ ਲਿਖੀਆਂ ਸ਼੍ਰੇਣੀਆਂ ਨੂੰ ਛੋਟ ਦਿੱਤੀ ਗਈ ਹੈ:-

- ਧਾਰਮਿਕ ਜਗ੍ਹਾ, ਸ਼ਮਸ਼ਾਨ ਘਾਟ, ਗਊਸ਼ਾਲਾ, ਇਤਿਹਾਸਿਕ ਬਿਲਡਿੰਗ, ਰਜਿਸਟਰਡ ਚੈਰੀਟੇਬਲ ਸੰਸਥਾ, ਸਰਕਾਰੀ ਸਕੂਲ, ਸਰਕਾਰੀ ਕਾਲੇਜ, ਸਰਕਾਰੀ ਹਸਪਤਾਲ, ਖੇਤੀਬਾੜੀ ਅਤੇ ਬਾਗਬਾਨੀ ਲਈ ਵਰਤੀ ਜਾ ਰਹੇ ਜਗ੍ਹਾ।
- ਸਤੰਤਰਤਾ ਸੈਨਾਨੀ ਜਿਨ੍ਹਾਂ ਨੂੰ ਕੇਂਦਰ ਜਾਂ ਰਾਜ ਸਰਕਾਰ ਵੱਲੋਂ ਪੈਨਸ਼ਨ ਪ੍ਰਾਪਤ ਹੁੰਦੀ ਹੈ।
- ਬੀ.ਪੀ.ਐਲ. ਕਾਰਡ ਹੋਲਡਰ।

**ਆਸ਼ਿੰਕ ਛੋਟ**

- ਵਿਧਵਾ ਅਤੇ ਅਪੰਗ ਵਿਅਕਤੀ (ਜਿਨ੍ਹਾਂ ਨੂੰ ਇਨਕਮ ਟੈਕਸ ਐਕਟ, 1961 ਦੇ ਸ਼ੈਕਸ਼ਨ 80 ਯੂ ਅਧੀਨ ਲਾਭ ਪ੍ਰਾਪਤ ਹੈ) ਨੂੰ 5000/- ਤੱਕ ਦੀ ਪ੍ਰਾਪਰਟੀ ਟੈਕਸ ਛੋਟ।
- ਵਿਦਿਅਕ ਸੰਸਥਾਂਵਾਂ ਜੋ ਸਰਕਾਰ ਜਾਂ ਸਰਕਾਰੀ ਸਹਾਇਤਾਂ ਪ੍ਰਾਪਾਤ ਨਹੀ ਹਨ, ਨੂੰ 50% ਛੋਟ।

**ਪ੍ਰਾਪਰਟੀ ਟੈਕਸ ਹੇਠ ਲਿਖੇ ਤਰੀਕੇ ਅਨੁਸਾਰ ਭਰਿਆ ਜਾ ਸਕਦਾ ਹੈ**

1. ਆਨ ਲਾਇਨ ਪ੍ਰਾਪਰਟੀ ਟੈਕਸ ਭਰਨ ਕਰਨ ਲਈ ਆਪ www.mcludhiana.gov.in ਤੇ ਲਾਗ-ਆਨ ਕਰ ਸਕਦੇ ਹੋ।
2. ਨਗਰ ਨਿਗਮ ਵਿਚ ਸਥਾਪਤ ਜੋਨਲ ਅਤੇ ਸਬ ਜੋਨਲ ਸੁਵਿਧਾ ਕੇਂਦਰਾਂ ਵਿੱਚ ਭਰ ਸਕਦੇ ਹੋ।
3. ਰਜਿਸਟਰਡ ਪੋਸਟ ਰਾਹੀ ਸੁਪਰਡੈਂਟ, ਹੈੱਡ ਕੁਆਰਟਰ (ਪ੍ਰਾਪਰਟੀ ਟੈਕਸ) ਦੇ ਕਮਰਾ ਨੰ: 11, ਮਾਤਾ ਰਾਣੀ ਚੌਂਕ, ਨਗਰ ਨਿਗਮ ਲੁਧਿਆਣਾ ਵਿੱਚ ਭੇਜ ਸਕਦੇ ਹੋ ।
4. ਇਸ ਤੋਂ ਇਲਾਵਾ ਨਗਰ ਨਿਗਮ ਵੱਲੋਂ ਬਲਾਕ ਵਾਇਜ ਵੱਖ ਵੱਖ ਟੀਮਾ ਦਾ ਗਠਨ ਕੀਤਾ ਗਿਆ ਹੈ ਜਿਹਨਾ ਦੀ ਲਿਸਟ ਵੈਬਸਾਇਟ www.mcludhiana.gov.in ਤੇ ਉਪਲੱਬਦ ਹੈ।
5. ਟੈਕਸ ਰਿਟਰਨ ਭਰਨ ਲਈ ਨਿਗਮ ਦੀ ਮੋਬਾਇਲ ਵੈਨ ਸੁਵਿਧਾ ਲੈਣ ਵਾਸਤੇ ਮੋਬਾਇਲ ਨੰ. 97800-10452 ਤੇ ਕਾਲ ਕੀਤਾ ਜਾ ਸਕਦਾ ਹੈ ।
6. ਇਸ ਸਬੰਧੀ ਹੋਰ ਜਾਣਕਾਰੀ ਆਪ ਨਗਰ ਨਿਗਮ ਦੇ ਹੈਲਪ-ਲਾਇਨ ਨੰ: 97800-22410 ਅਤੇ ਨਗਰ ਨਿਗਮ ਦੀ ਵੈਬਸਾਇਟ www.mcludhiana.gov.in ਤੇ ਵੀ ਲੈ ਸਕਦੇ ਹੋ।

**ਅਪੀਲ**

**ਨਗਰ ਨਿਗਮ ਵਲੋ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਅਪਣੀ ਸੈਲਫ ਅਸੈਸਮੈਂਟ ਪ੍ਰਾਪਰਟੀ ਰਿਟਰਨ ਨੂੰ ਮਿੱਥੀ ਮਿਤੀ 30-11-2013 ਤੱਕ ਭਰਨ ਅਤੇ 10% ਰੀਬੇਟ ਦਾ ਲਾਭ ਲੈਣ**

ਮੇਅਰ,
ਨਗਰ ਨਿਗਮ, ਲੁਧਿਆਣਾ

ਕਮਿਸ਼ਨਰ,
ਨਗਰ ਨਿਗਮ, ਲੁਧਿਆਣਾ ।